# ਮਾਡਲ ਪ੍ਰਸ਼ਨ ਪੱਤਰ (ਗਣਿਤ)
## ਜਮਾਤ- ਅੱਠਵੀਂ

**ਕੁੱਲ ਅੰਕ:80** **ਸਮਾਂ: 3 ਘੰਟੇ**

**ਜਰੂਰੀ ਨੋਟ:-**

1. **ਭਾਗ-ੳ ਪ੍ਰਸ਼ਨ 1 ਤੋਂ 3 ਤੱਕ ਹੋਣਗੇ।**

(i) ਪ੍ਰਸ਼ਨ 1 ਵਿੱਚ 16 ਪ੍ਰਸ਼ਨ ਬਹੁ-ਵਿਕਲਪੀ ਉੱਤਰਾਂ ਵਾਲੇ 1-1 ਅੰਕ ਵਾਲੇ ਹੋਣਗੇ।

(ii) ਪ੍ਰਸ਼ਨ 2 ਵਿੱਚ 8 ਪ੍ਰਸ਼ਨ ਸਹੀ / ਗਲਤ ਉੱਤਰਾਂ ਵਾਲੇ 1-1 ਅੰਕ ਵਾਲੇ ਹੋਣਗੇ।

(iii) ਪ੍ਰਸ਼ਨ 3 ਵਿੱਚ 8 ਪ੍ਰਸ਼ਨ ਖਾਲੀ ਸਥਾਨ ਭਰਨ ਵਾਲੇ 1-1 ਅੰਕ ਵਾਲੇ ਹੋਣਗੇ।

2. ਭਾਗ-ਅ ਪ੍ਰਸ਼ਨ 4 ਤੋਂ 11 ਤੱਕ ਦੋ ਅੰਕ ਵਾਲੇ ਹੋਣਗੇ।

3. ਭਾਗ-ੲ ਪ੍ਰਸ਼ਨ 12 ਤੋਂ 16 ਤੱਕ ਚਾਰ ਅੰਕ ਵਾਲੇ ਹਨ । ਇਹਨਾਂ ਪ੍ਰਸ਼ਨਾਂ ਵਿੱਚ ਕਿਸੇ ਵੀ ਤਿੰਨ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਹੋਵੇਗੀ ।

4. ਭਾਗ-ਸ ਪ੍ਰਸ਼ਨ 17 ਤੋਂ 18 ਤੱਕ ਛੇ ਅੰਕ ਵਾਲੇ ਹਨ।ਇਹਨਾਂ ਸਾਰੇ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਹੋਵੇਗੀ ।

### ਭਾਗ-ੳ

**1.ਹੇਠ ਦਿੱਤੇ ਪ੍ਰਸ਼ਨਾਂ ਵਿੱਚੋ ਸਹੀ ਵਿਕਲਪ ਚੁਣੋ।ਹਰੇਕ ਪ੍ਰਸ਼ਨ ਦਾ 1 ਅੰਕ ਹੈ :**

i) ਹੇਠ ਲਿਖੀਆਂ ਵਿੱਚੋਂ **ਕਿਹੜੀ ਪਰਿਮੇਯ ਸੰਖਿਆ 0 ਅਤੇ 1 ਦੇ ਵਿਚਕਾਰ ਹੈ ?**

i) $\frac{7}{4}$ ii) $\frac{2}{7}$ iii) $\frac{7}{3}$ vi) $\frac{6}{5}$

ii) -2/5 ਦਾ ਗੁਣਾਤਮਕ ਉਲਟ ਹੈ:

(i) -2/5 (ii) -5/2 (iii) 3/5 (iv) 4/5

iii) ਸੰਖਿਆ 9 ਨੂੰ m ਵਿੱਚੋਂ ਘਟਾਉਣ ਤੇ ਕੀ ਪ੍ਰਾਪਤ ਹੁੰਦਾ ਹੈ?

(i) 9+m (ii) 9-m (iii ) m-9 (iv) -m-9

iv) ਇੱਕ ਸਿੱਕਾ ਇੱਕ ਵਾਰ ਉਛਾਲਿਆ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਚਿੱਤ (Head) ਪ੍ਰਾਪਤ ਹੋਣ ਦੀ ਕੀ ਸੰਭਾਵਨਾ ਹੋਵੇਗੀ?

(i) 0 ਅਤੇ 1 ਦੇ ਵਿਚਕਾਰ (ii) 0 (iii ) 1 (iv) ਇਨ੍ਹਾਂ ਵਿੱਚੋਂ ਕੋਈ ਨਹੀਂ

v) $3^0$ ਦਾ ਮੁੱਲ ਕੀ ਹੋਵੇਗਾ?

(i) 3 (ii) 0 (iii) 1 (iv) 2

vi) x **ਦਾ ਮੁੱਲ** ਕੀ **ਹੋਵੇਗਾ ਜਿਸ ਲਈ ਵਿਅੰਜਕ 3**x - **4 ਅਤੇ 2**x + **1 ਬਰਾਬਰ ਹੋ ਜਾਂਦੇ ਹਨ**?

(i) –3 (ii) 0 (iii) 5 (iv) 1

vii) ਸੰਖਿਆ 225 ਦਾ ਵਰਗਮੂਲ ਕੀ ਹੋਵੇਗਾ?

(i)15 (ii)22 (iii) 25 (iv) 12

viii) ਹੇਠ ਲਿਖੀਆਂ ਵਿੱਚੋਂ ਕਿਸ ਸਥਿਤੀ ਵਿੱਚ 'ਲਾਭ' ਹੋਵੇਗਾ ?

(i) ਜਦੋਂ ਖਰੀਦ ਮੁੱਲ, ਵੇਚ ਮੁੱਲ ਤੋਂ ਵੱਧ ਹੋਵੇ। (ii) ਜਦੋਂ ਖਰੀਦ ਮੁੱਲ ਅਤੇ ਵੇਚ ਮੁੱਲ ਸਮਾਨ ਹੋਣ।
(iii) ਜਦੋਂ ਵੇਚ ਮੁੱਲ, ਖਰੀਦ ਮੁੱਲ ਤੋਂ ਵੱਧ ਹੋਵੇ। (iv) ਇਨ੍ਹਾਂ ਵਿੱਚੋਂ ਕੋਈ ਨਹੀਂ

ix) ਸੰਖਿਆ 243 ਦੇ ਘਣ ਦਾ ਇਕਾਈ ਅੰਕ ਕੀ ਹੋਵੇਗਾ?

(i) 3 (ii) 9 (iii) 7 (iv) 6

x) ਦਿੱਤਾ ਗਿਆ ਸੂਤਰ ਪੂਰਾ ਕਰੋ: $(a – b)$ (............) $= a^2-b^2$

(i) 1 (ii) a+b (iii ) a-b (iv) 2ab

xi) ਇੱਕ ਘਣਾਵ ਦੇ ਕਿੰਨੇ ਕਿਨਾਰੇ ਹੁੰਦੇ ਹਨ?

(i) 14 (ii) 2 (iii) 10 (iv) 12

xii) ਹੇਠ ਲਿਖੀਆਂ ਵਿੱਚੋਂ ਕਿਹੜਾ 3xy ਦਾ ਸਮਾਨ ਪਦ ਹੈ?

(i) $5xy^2$ (ii) 15x (iii) 3xyz (iv) 400xy

xiii) 2y ਅਤੇ 22xy ਦਾ ਸਾਂਝਾ ਗੁਣਨਖੰਡ ਕੀ ਹੈ ?

(i) 2xy (ii) 2y (iii) 22xy (iv) 2x

xiv) ਵੇਲਣ ਦਾ ਆਇਤਨ ਪਤਾ ਕਰਨ ਦਾ ਸੂਤਰ ਕੀ ਹੈ?

(i) $r^2h$ (ii) $2\pi r^2h$ (ii) $\pi r^2h$ (ii) $2\pi rh$

xv) ਜੇ a,b,c ਪੂਰਨ ਸੰਖਿਆਵਾਂ ਹਨ ਤਾਂ 111(a+b+c) ਨੂੰ ਹਮੇਸ਼ਾ ਕਿਹੜੀ ਸੰਖਿਆ ਵੰਡ ਸਕਦੀ ਹੈ?

(i) 37 (ii) 4 (iii) 5 (iv) ਇਨ੍ਹਾਂ ਵਿੱਚੋਂ ਕੋਈ ਨਹੀ

xvi) ਕਿਸੇ ਵੀ ਪੰਜਭੁਜ ਦੇ ਅੰਦਰੂਨੀ ਕੋਣਾਂ ਦਾ ਜੋੜਫਲ ਕਿੰਨਾ ਹੁੰਦਾ ਹੈ?

(i) $180^0$ (ii) $540^0$ (iii) $360^0$ (iv) $1000^0$

## 2. ਦਿੱਤੇ ਪ੍ਰਸ਼ਨ ਲਈ ਸਹੀ/ਗਲਤ ਉੱਤਰ ਚੁਣੋ। ਹਰੇਕ ਪ੍ਰਸ਼ਨ ਦਾ 1 ਅੰਕ ਹੈ :

i) ਆਇਤ ਦੇ ਵਿਕਰਨ ਬਰਾਬਰ ਹੁੰਦੇ ਹਨ। (ਸਹੀ/ਗ਼ਲਤ)

ii) ਬਿੰਦੂ L(-9,0), y-ਧੁਰੇ 'ਤੇ ਸਥਿਤ ਹੈ। (ਸਹੀ/ਗ਼ਲਤ)

iii) 123456 ਸੰਖਿਆ 9 ਦਾ ਇੱਕ ਗੁਣਜ ਹੈ। (ਸਹੀ/ਗ਼ਲਤ)

iv) ਕਿਸੇ ਗੋਲ ਨਕਸ਼ਾ (ਪਾਈ ਚਾਰਟ) ਵਿੱਚ ਕੁੱਲ ਕੇਂਦਰੀ ਕੋਣ 360° ਹੁੰਦਾ ਹੈ। (ਸਹੀ/ਗ਼ਲਤ)

v) $2^{-3}$ ਦਾ ਮੁੱਲ –6 ਹੈ। (ਸਹੀ/ਗ਼ਲਤ)


vi) ਇੱਕ ਵੇਲਣ ਜਿਸਦੀ ਉਚਾਈ ਅਤੇ ਅਰਧ ਵਿਆਸ ਹਰੇਕ 1 ਸਮ ਹੈ,ਦੀ ਕੁੱਲ ਸਤ੍ਹਾ ਦਾ ਖੇਤਰਫ਼ਲ $4\pi$ ਸਮ$^2$ ਹੈ। (ਸਹੀ/ਗ਼ਲਤ)

vii) "ਕਿਸੇ ਸਾਫਟ ਡਰਿੰਕ ਫੈਕਟਰੀ ਵਿੱਚ ਇੱਕ ਮਸ਼ੀਨ 840 ਬੋਤਲਾਂ 6 ਘੰਟੇ ਵਿੱਚ ਭਰਦੀ ਹੈ ।ਉਹ ਮਸ਼ੀਨ 5 ਘੰਟੇ ਵਿੱਚ ਕਿੰਨੀਆਂ ਬੋਤਲਾਂ ਭਰੇਗੀ?"ਇਹ ਪ੍ਰਸ਼ਨ ਇੱਕ ਸਿੱਧੇ ਅਨੁਪਾਤ ਦੀ ਉਦਾਹਰਨ ਹੈ। (ਸਹੀ /ਗ਼ਲਤ)

viii) ਜੇਕਰ ਕਿਸੇ ਵਰਗ ਦੀ ਇੱਕ ਭੁਜਾ ਪਤਾ ਹੈ ਤਾਂ ਇਸ ਵਰਗ ਦੀ ਰਚਨਾ ਕੀਤੀ ਜਾ ਸਕਦੀ ਹੈ। (ਸਹੀ/ਗ਼ਲਤ)

## 3. ਖਾਲੀ ਸਥਾਨ ਭਰੋ। ਹਰੇਕ ਪ੍ਰਸ਼ਨ ਦਾ 1 ਅੰਕ ਹੈ :


i) ਦਿੱਤਾ ਗ੍ਰਾਫ ਸਮੇਂ ਅਤੇ ਤਾਪਮਾਨ ਵਿੱਚ ............ਹੈ। (ਸੰਭਵ / ਅਸੰਭਵ)



ii) ਇੱਕ ਸੰਖਿਆ ਜਿਸਦਾ ਇਕਾਈ ਅੰਕ 5 ਹੋਵੇ, ਹਮੇਸ਼ਾ ਸੰਖਿਆ ____ ਦਾ ਇੱਕ ਗੁਣਜ ਹੁੰਦੀ ਹੈ। ( 5 / 2 )

iii) ਵਰਗ ਦਾ ਹਰੇਕ ਕੋਣ ......... ਹੈ। (60° / 90°)

iv) ਦਿੱਤੇ ਗਏ ਪਾਈ ਚਾਰਟ ਵਿੱਚ ਇੱਕ ਸਕੂਲ ਦੇ ਲੜਕੇ ਅਤੇ ਲੜਕੀਆਂ ਦੀ ਗਿਣਤੀ ਦਰਸਾਈ ਗਈ ਹੈ। ਜੇਕਰ ਇਸ ਸਕੂਲ ਦੇ ਕੁਲ ਵਿਦਿਆਰਥੀਆਂ ਦੀ ਗਿਣਤੀ 400 ਹੋਵੇ ਤਾਂ ਲੜਕਿਆਂ ਦੀ ਗਿਣਤੀ .........ਹੈ। (100/150)




v) ਇੱਕ ਆਇਤਾਕਾਰ ਬਕਸੇ ਦੀ ਲੰਬਾਈ ਅਤੇ ਚੋੜਾਈ ਕ੍ਰਮਵਾਰ 5a ਅਤੇ 6a ਇਕਾਈਆਂ ਹੈ, ਤਾਂ ਇਸ ਬਕਸੇ ਦਾ ਖੇਤਰਫ਼ਲ......... ਵਰਗ ਇਕਾਈਆਂ ਹੈ। ($30a^2$/22a)

vi) 4 ਮਜ਼ਦੂਰ ਇੱਕ ਦੀਵਾਰ ਨੂੰ 10 ਦਿਨ ਵਿੱਚ ਪੂਰਾ ਕਰਦੇ ਹਨ। ਇਸ ਦੀਵਾਰ ਨੂੰ 5 ਦਿਨ ਵਿੱਚ ਪੂਰਾ ਕਰਨ ਲਈ ਕਿੰਨੇ ਹੋਰ ਮਜ਼ਦੂਰਾਂ ਦੀ ਲੋੜ ਪਵੇਗੀ? (4/5)

vii) **ਇਕ ਟਰੱਕ** 25 **ਮਿੰਟ ਵਿਚ** 14 **ਕਿਲੋਮੀਟਰ ਦੀ ਦੂਰੀ ਤੈਅ ਕਰਦਾ ਹੈ**। **ਜੇ**ਕਰ **ਗਤੀ ਇਕੋ ਜਿਹੀ ਰਹਿੰਦੀ ਹੈ**, ਤਾਂ **ਇਹ** 50 **ਮਿੰਟਾਂ ਵਿੱਚ**........ **ਦੂਰੀ ਤੈਅ** ਕਰੇਗਾ। (7 **ਕਿਲੋਮੀਟਰ** /28 **ਕਿਲੋਮੀਟਰ**)

viii) 8 ਰੁਪਏ ਅਤੇ 50 ਪੈਸੇ ਦਾ ਅਨੁਪਾਤ ਰੂਪ ..........ਹੈ। (1:16 / 16:1)

## ਭਾਗ–ਅ

## ਨੋਟ:ਹਰੇਕ ਪ੍ਰਸ਼ਨ 2 ਅੰਕ ਦਾ ਹੈ:

4. $\frac{3}{10}$ ਅਤੇ $\frac{9}{10}$ ਦੇ ਵਿਚਕਾਰ ਦੋ ਪਰਿਮੇਯ ਸੰਖਿਆਵਾਂ ਪਤਾ ਕਰੋ।

5. ਦਿੱਤੇ ਸਮਾਂਤਰ ਚਤੁਰਭੁਜ ਵਿੱਚ y ਦਾ ਮੁੱਲ ਪਤਾ ਕਰੋ।




6. ਸੰਖਿਆ 4096 ਦਾ ਵਰਗਮੂਲ ਪਤਾ ਕਰੋ।

7. ਸੰਖਿਆ 15625 ਦਾ ਘਣਮੂਲ ਪਤਾ ਕਰੋ।

8. ਵਿਅੰਜਕ 7x-42 ਦੇ ਗੁਣਨਖੰਡ ਬਣਾਉ।

9. ਇੱਕ ਵਸਤੂ ਦਾ ਅੰਕਿਤ ਮੁੱਲ 1200 ਰੁਪਏ ਹੈ ਜਿਸ ਤੇ 12% ਸੇਵਾ ਕਰ (GST) ਲਗਦਾ ਹੈ। ਵਸਤੂ ਦਾ ਵੇਚ ਮੁੱਲ ਪਤਾ ਕਰੋ।

10. **14 ਮੀਟਰ ਉੱਚੇ ਇੱਕ ਬਿਜਲੀ ਦਾ ਖੰਭੇ ਦਾ ਪਰਛਾਵਾਂ** 10 **ਮੀਟਰ ਹੈ।** ਸਮਾਨ **ਸਥਿਤੀਆਂ ਵਿਚ ਉਸ ਰੁੱਖ ਦੀ ਉਚਾਈ ਪਤਾ ਲਗਾਉ** ਜਿਸਦਾ **ਪਰਛਾਵਾਂ** 15 **ਮੀਟਰ** ਹੋਵੇ।

11. **ਉਚਿਤ** ਤਤਸਮਕ **ਵਰਤੋਂ** ਕਰਦੇ ਹੋਏ $(2y + 5)(2y + 5)$ ਦਾ ਮੁੱਲ ਪਤਾ ਕਰੋ ।

## ਭਾਗ– ੲ

## ਨੋਟ: ਹਰੇਕ ਪ੍ਰਸ਼ਨ 4 ਅੰਕ ਦਾ ਹੈ

12. ਦਿੱਤੀ ਗਈ ਸਮੀਕਰਣ ਹੱਲ ਕਰੋ: 3(t-3)=5(2t+1)

**ਜਾਂ**

ਦੋ ਸੰਖਿਆਵਾਂ ਵਿੱਚ ਅਨੁਪਾਤ 5:3 ਹੈ। ਜੇਕਰ ਉਹਨਾਂ ਵਿੱਚ ਅੰਤਰ 18 ਹੈ ਤਾਂ ਸੰਖਿਆਵਾਂ ਪਤਾ ਕਰੋ।

13. ਇੱਕ ਸਮਚਤੁਰਭੁਜ ਦੀ ਰਚਨਾ ਕਰੋ ਜਿਸਦੇ ਵਿਕਰਨਾਂ ਦੀ ਲੰਬਾਈ 5.2 ਸਮ ਅਤੇ 6.4 ਸਮ ਹੈ।

ਜਾਂ

ਚਤਰਭੁਜ ABCD ਦੀ ਰਚਨਾ ਕਰੋ ਜਿਸ ਵਿੱਚ BC = 4.5 cm, AD = 5.5 cm, CD = 5 cm, AC = 5.5 cm ਅਤੇ BD = 7 cm ਹੋਵੇ।

14. ਇੱਕ ਠੋਸ ਦੇ 20 ਫਲਕ ਅਤੇ 12 ਸ਼ਿਖਰ ਹਨ ਤਾਂ ਇਸਦੇ ਕਿਨਾਰਿਆਂ ਦੀ ਗਿਣਤੀ ਪਤਾ ਕਰੋ।

15. ਸਰਲ ਕਰੋ : $(5^{-1} \times 2^{-1}) \times 6^{-1}$

**ਜਾਂ**

ਸਹੀ ਮਿਲਾਣ ਕਰੋ :

| **ਕਾਲਮ A** | **ਕਾਲਮ B** |
|---|---|
| -2a + 4a | -6a |
| -2a × 4a | 2a |
| -2a - 4a | -2a |
| 2a - 4a | $-8a^2$ |

16. ਹੇਠਾਂ ਦਿੱਤੀ ਸਾਰਣੀ ਲਈ ਰੇਖੀ ਗਰਾਫ ਬਣਾਉ:

| ਸੇਬਾਂ ਦੀ ਸੰਖਿਆ | 1 | 2 | 3 | 4 | 5 |
|---|---|---|---|---|---|
| ਮੁੱਲ (ਰੁਪਏ ਵਿੱਚ) | 5 | 10 | 15 | 20 | 25 |

## ਭਾਗ – ਸ

## ਨੋਟ: ਹਰੇਕ ਪ੍ਰਸ਼ਨ 6 ਅੰਕ ਦਾ ਹੈ

17. ਕਿਸੇ ਹੋਸਟਲ ਵਿੱਚ ਵੱਖ ਵੱਖ ਭਾਸ਼ਾਵਾਂ ਬੋਲਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਹੇਠਾਂ ਦਿੱਤੀ ਗਈ ਹੈ। ਇਹਨਾਂ ਅੰਕੜਿਆਂ ਨੂੰ ਦਰਸਾਉਂਦਾ ਇੱਕ ਪਾਈ ਚਾਰਟ ਬਣਾਓ ।

| ਭਾਸ਼ਾ | ਹਿੰਦੀ | ਅੰਗਰੇਜ਼ੀ | ਮਰਾਠੀ | ਤਾਮਿਲ | ਬੰਗਾਲੀ | ਜੋੜ |
|---|---|---|---|---|---|---|
| ਵਿਦਿਆਰਥੀਆਂ ਦੀ ਗਿਣਤੀ | 40 | 12 | 9 | 7 | 4 | 72 |


**ਜਾਂ**

ਛੁੱਟੀਆਂ ਦੇ ਦਿਨਾਂ ਵਿੱਚ ਇੱਕ ਖਾਸ ਜਮਾਤ ਦੇ ਵਿਦਿਆਰਥੀਆਂ ਦੁਆਰਾ ਪ੍ਰਤੀ ਦਿਨ ਟੀ.ਵੀ ਦੇਖਣ ਦੇ ਸਮੇਂ ਨੂੰ ਦਿੱਤੇ ਗਏ ਗਰਾਫ ਰਾਹੀਂ ਦਰਸਾਇਆ ਗਿਆ ਹੈ।
ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉਤਰ ਦਿਓ

ੳ) ਸਭ ਤੋਂ ਵੱਧ ਵਿਦਿਆਰਥੀਆਂ ਨੇ ਕਿੰਨੇ ਸਮੇਂ ਤੱਕ ਟੀ.ਵੀ. ਦੇਖਿਆ?

ਅ) 4 ਘੰਟਿਆਂ ਤੋਂ ਵੱਧ ਸਮੇਂ ਤੱਕ ਕਿੰਨੇ ਵਿਦਿਆਰਥੀਆਂ ਨੇ ਟੀ.ਵੀ. ਦੇਖਿਆ?

ੲ) ਕੁੱਲ ਕਿੰਨੇ ਵਿਦਿਆਰਥੀ ਨੇ ਟੀ.ਵੀ ਦੇਖਣ ਵਿੱਚ 5 ਘੰਟੇ ਤੋਂ ਜਿਆਦਾ ਸਮਾਂ ਬਿਤਾਇਆ?




18. ਇੱਕ **ਖੋਖਲੇ ਸਿਲੰਡਰ ਦੀ** ਪਾਸਵੀਂ ਸਤ੍ਹਾ ਦਾ **ਖੇਤਰਫਲ** 4224 **ਸੈਮੀ**$^2$ ਹੈ। **ਇਸ** ਸਿਲੰਡਰ ਨੂੰ **ਇਸਦੀ ਉਚਾਈ ਦੇ** ਅਨੁਸਾਰ **ਕੱਟਿਆ ਜਾਂਦਾ ਹੈ ਅਤੇ** 33 **ਸੈਂਟੀਮੀਟਰ ਚੌੜੀ** ਇੱਕ **ਆਇਤਾਕਾਰ ਸ਼ੀਟ ਬਣਾਈ ਜਾਂਦੀ ਹੈ।** **ਆਇਤਾਕਾਰ ਸ਼ੀਟ ਦਾ** ਪਰਿਮਾਪ ਪਤਾ ਕਰੋ।

**ਜਾਂ**

**ਇਕ** ਘਣਾਵ **ਦੀ ਉਚਾਈ** ਪਤਾ ਕਰੋ **ਜਿਸਦੇ** ਅਧਾਰ ਦਾ **ਖੇਤਰਫਲ** 180 **ਸੈਮੀ**$^2$ **ਅਤੇ** ਆਇਤਨ 900 **ਸੈਮੀ**$^3$ **ਹੈ।**